# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8 ਮੋਹਾਲੀ**

ਵੱਲ,

(1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

(2) ਸਮੂਹ ਪ੍ਰਿੰਸੀਪਲ (ਸੀਨੀਅਰ ਸੈਕੰਡਰੀ -ਸਾਇੰਸ ਗਰੁੱਪ ਫੰਕਸ਼ਨਲ ਸਕੂਲ), ਪੰਜਾਬ, (ਵੈਬਸਾਈਟ ਰਾਹੀਂ)

(3) ਸਮੂਹ ਪੀ.ਡੀ.ਐਮ. (ਪ੍ਰਿੰਸੀਪਲ ਜ਼ਿਲ੍ਹਾ ਮੈਂਟਰ)- ਫਿਜੀਕਸ, ਕਮਿਸਟਰੀ, ਬਾਇਓ ਅਤੇ ਮੈਥ (ਵੈਬਸਾਈਟ ਰਾਹੀਂ)

(4) ਸਮੂਹ ਪ੍ਰਿੰਸੀਪਲ-ਮੈਰੀਟੋਰੀਅਸ ਸਕੂਲ ਅਤੇ ਸਕੂਲ ਆਫ ਐਮੀਨੈਂਸ (ਵੈਬਸਾਈਟ ਰਾਹੀਂ)

ਮੀਮੋ ਨੰ. 202411664 9 ਮਿਤੀ: 9/5/2024

**ਵਿਸ਼ਾ: ਸਾਲ 2024-25 ਵਿੱਚ ਪੰਜਾਬ ਰਾਜ ਦੇ ਸਕੂਲਾਂ ਦੇ 11ਵੀਂ ਅਤੇ 12ਵੀਂ ਜਮਾਤ ਦੇ ਸਾਇੰਸ / ਮੈਥ ਵਿਸ਼ੇ ਦੇ ਵਿਦਿਆਰਥੀਆਂ ਲਈ JEE Mains / NEET ਦੀ ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਕਰਵਾਉਣ ਲਈ Government of India, Ministry of Education, Department of School Education& Literacy ਵਲੋਂ SATHEE App ਨਾਲ ਸਬੰਧਤ Online Education ਪ੍ਰੋਗਰਾਮ ਦੀ ਸ਼ੁਰੂਆਤ ਕਰਨ ਸਬੰਧੀ।**

**ਹਵਾਲਾ:** SATHEE Project ਨਾਲ ਸਬੰਧਤ ਪ੍ਰਾਪਤ ਪੱਤਰ ਅਤੇ ਦਫ਼ਤਰ ਦੇ ਪੱਤਰ ਨੰ. 646927/202461988 Dated 05-03-24 ਦੀ ਲਗਾਤਾਰਤਾ ਵਿੱਚ ।

**ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।**

1.0 ਇਥੇ ਦੱਸਿਆ ਜਾਂਦਾ ਹੈ ਕਿ ਇਸ SATHEE ਪ੍ਰੋਜੈਕਟ ਵਿੱਚ ਫਿਜੀਕਸ, ਕਮਿਸਟਰੀ, ਬਾਇਓ ਅਤੇ ਮੈਥ ਵਿਸ਼ੇ ਦੇ ਵੀਡਿਓ ਲੈਕਚਰ, ਸਟਡੀ ਮਟੀਰੀਅਲ, ਪ੍ਰੈਕਟਿਸ ਲਈ ਪ੍ਰਸ਼ਨ-ਉੱਤਰ, ਆਨਲਾਈਨ ਕਲਾਸਿਜ, ਮੋਬਾਈਲ ਐਪ ਆਦਿ ਉਪਲਬਧ ਹਨ। ਵੈਬੀਨਾਰ ਰਾਹੀਂ ਦੱਸਿਆ ਜਾਵੇਗਾ ਕਿ ਇਮਤਿਹਾਨ ਕਿਵੇਂ ਪਾਸ ਕਰਨਾ ਹੈ ਜਾਂ ਸਵਾਲਾਂ ਨੂੰ ਕਿਵੇ ਹੱਲ ਕਰਨਾ ਹੈ। AI based chatbot ਰਾਹੀਂ ਪ੍ਰਸ਼ਨਾਂ ਦੇ ਜਵਾਬ ਦਿੱਤੇ ਜਾਣਗੇ, ਡਾਊਟ ਕਲੀਅਰ ਸੈਸ਼ਨਜ਼ ਹੋਣਗੇ ਅਤੇ ਰੈਗੂਲਰ ਮੌਕ ਟੈਸਟ ਹੋਣਗੇ । ਆਈ.ਆਈ.ਟੀ. ਕਾਨਪੁਰ ਅਤੇ AIIMS ਦੇ ਵਿਦਿਆਰਥੀਆਂ ਵਲੋਂ ਇਸ SATHEE ਐਪ / ਪ੍ਰੋਜੈਕਟ ਦੀ ਮੈਂਟਰਸ਼ਿਪ ਦਿੱਤੀ ਜਾ ਰਹੀ ਹੈ ।

2.0 ਸਾਲ 2023-24 ਵਿੱਚ ਇਸ ਪ੍ਰੋਗਰਾਮ ਤਹਿਤ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ JEE MAINS / NEET ਦੀ ਤਿਆਰੀ ਲਈ 20 ਮਾਰਚ ਤੋਂ ਕ੍ਰੈਸ਼ ਕੋਰਸ ਅਤੇ live ਕਲਾਸਾਂ ਲਗਾਈਆਂ ਜਾ ਚੁਕੀਆਂ ਹਨ ।

3.0 ਸੈਸ਼ਨ 2024-25 ਵਿੱਚ 11ਵੀਂ ਅਤੇ 12ਵੀਂ ਜਮਾਤ ਵਿੱਚ ਪੜ੍ਹ ਰਹੇ ਸਮੂਹ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ SATHEE ਪ੍ਰੋਗਰਾਮ ਚਲ ਰਹੀਆਂ live classes ਬਾਰੇ ਜ਼ਿਲ੍ਹੇ ਦੇ PDMs, ਸੀਨੀਅਰ ਸੈਕੰਡਰੀ ਸਾਇੰਸ ਗਰੁੱਪ ਫੰਕਸ਼ਨਲ ਸਕੂਲ, Meritorious School / SOE ਦੇ ਪ੍ਰਿੰਸੀਪਲਜ਼ ਤੁਰੰਤ ਸੂਚਿਤ ਕਰਨਾ ਯਕੀਨੀ ਬਨਾਉਣਗੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਇਸ ਪ੍ਰੋਗਰਾਮ ਦਾ ਲਾਹਾ ਲੈ ਸਕਣ ਅਤੇ ਚੰਗੇ ਮੈਡੀਕਲ/ਇੰਜੀਨੀਅਰਿੰਗ ਕਾਲਜਾਂ ਅਤੇ ਕੋਰਸਾਂ ਵਿੱਚ ਦਾਖਲਾ ਲੈ ਸਕਣ।

4.0 ਇਸ SATHEE ਐਪ/ਪ੍ਰੋਜੈਕਟ ਦੀ ਵਧੇਰੇ ਜਾਣਕਾਰੀ https://sathee.prutor.ai/ ਤੇ ਉਪਲੱਬਧ ਹੈ।

5.0 ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਅਤੇ ਇਸ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਵਲੋਂ ਹਰੇਕ ਸਾਇੰਸ ਗਰੁੱਪ ਫੰਕਸ਼ਨਲ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਫਿਜੀਕਸ, ਕੈਮਿਸਟਰੀ, ਬਾਇਓਲੋਜੀ ਅਤੇ ਮੈਥ ਲੈਕਚਰਾਰਾਂ ਵਿੱਚੋਂ ਕਿਸੇ ਇੱਕ ਨੂੰ ਸਕੂਲ ਦਾ ਨੋਡਲ ਅਫਸਰ (SPOC) ਨਿਯੁਕਤ ਕਰ ਦਿੱਤਾ ਗਿਆ ਹੈ। ਹਰੇਕ ਜ਼ਿਲ੍ਹੇ ਵਿੱਚ ਬਤੌਰ ਪ੍ਰਿੰਸੀਪਲ ਜ਼ਿਲ੍ਹਾ ਮੈਂਟਰ (ਪੀ.ਡੀ.ਐਮ.) ਫਿਜੀਕਸ, ਕਮਿਸਟਰੀ, ਬਾਇਓ, ਮੈਥ ਕੰਮ ਕਰ ਰਹੇ ਪ੍ਰਿੰਸੀਪਲ ਵਿੱਚੋਂ ਕਿਸੇ ਇਕ ਪੀ.ਡੀ.ਐਮ. ਨੂੰ ਜ਼ਿਲ੍ਹੇ ਦਾ ਨੋਡਲ ਅਫਸਰ SPOC (Single Point of Contact) ਨਿਯੁਕਤ ਕਰ ਦਿੱਤਾ ਗਿਆ ਹੈ।

6.0 ਸੈਸ਼ਨ 2024-25 ਵਿੱਚ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਲਈ ਸਾਇੰਸ ਗਰੁੱਪ ਫੰਕਸ਼ਨਲ ਸਕੂਲ 12ਵੀਂ ਅਤੇ 11ਵੀਂ ਜਮਾਤ ਵਿੱਚ ਪੜ੍ਹਦੇ ਮੈਡੀਕਲ ਅਤੇ ਨਾਨ ਮੈਡੀਕਲ ਦੇ ਸਾਰੇ ਵਿਦਿਆਰਥੀਆਂ ਦੀ ਈ-ਮੇਲ ਆਈ.ਡੀ., ਮੋਬਾਇਲ ਨੰਬਰ, ਸਕੂਲ ਦਾ ਯੂ-ਡਾਈਸ ਕੋਡ, ਵਿਦਿਆਰਥੀਆਂ ਦੀ ਈ-ਪੰਜਾਬ ਆਈ.ਡੀ. ਅਤੇ ਹੋਰ ਵੇਰਵੇ ਸਕੂਲ ਨੋਡਲ ਅਫਸਰ ਵਲੋਂ Excel / google sheet ਵਿੱਚ ਭਰਕੇ ਮਿਤੀ 13-05-24 ਤੱਕ ਜ਼ਿਲ੍ਹੇ ਦੇ ਨੋਡਲ ਅਫਸਰ (ਪ੍ਰਿੰਸੀਪਲ ਜ਼ਿਲ੍ਹਾ ਮੈਂਟਰ) ਨੂੰ ਭੇਜਣਗੇ। ਜ਼ਿਲ੍ਹੇ ਦੇ ਨੋਡਲ ਅਫਸਰ ਉਕਤ Excel / google sheet ਨੂੰ ਇਕਤ੍ਰਿਤ (ਕਨਸਾਲੀਡੇਟ) ਕਰਕੇ ਮਿਤੀ 14-05-24 ਤੱਕ ਇਸ ਦਫਤਰ ਨੂੰ ਭੇਜਣਗੇ। PDMs ਇਹ ਸੁਨਿਸ਼ਚਿਤ ਕਰਨਗੇ ਕਿ ਕਿਸੇ ਵੀ ਸਾਇੰਸ ਗਰੁੱਪ ਫੰਕਸ਼ਨਲ ਸਕੂਲ ਦਾ ਡਾਟਾ ਭਰਨ ਤੋਂ ਨਾ ਰਹਿ ਜਾਵੇ ਅਤੇ ਕਿਸੇ ਕਿਸਮ ਦੀ ਦੇਰੀ ਨਾ ਕੀਤੀ ਜਾਵੇ ਤਾਂ ਜੋ JEE MAINS / NEET ਦੀ ਤਿਆਰੀ ਲਈ 9ਵੀਂ, 10ਵੀਂ, 11ਵੀਂ ਅਤੇ 12ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀ ਮਿਤੀ 15-04-24 ਤੋਂ ਸ਼ੁਰੂ ਹੋ ਚੁਕੀਆਂ ਲਾਈਵ ਕਲਾਸਾਂ ਵਿੱਚ ਵੱਧ ਤੋਂ ਵੱਧ ਵਿਦਿਆਰਥੀ ਸਮੇਂ ਸਿਰ ਰਜਿਸਟ੍ਰੇਸ਼ਨ ਕਰਵਾ ਕੇ ਇਸ ਪ੍ਰੋਗਰਾਮ ਦਾ ਲਾਹਾ ਲੈ ਸਕਣ। SATHEE Project Team ਵਲੋਂ ਲਗਾਈਆਂ ਜਾ ਰਹੀਆਂ Live Classes ਦਾ Schedule ( https://sathee.prutor.ai/live-sessions/cbse/ ) link ਤੋਂ ਦੇਖਿਆ ਜਾ ਸਕਦਾ ਹੈ ।

7.0 ਸਮੂਹ DEOs ਨੂੰ ਲਿਖਿਆ ਜਾਂਦਾ ਹੈ ਕਿ SATHEE Project ਦਾ ਮੁਲਾਂਕਣ ਕਰਨ ਲਈ DNO, PDMs (ਫਿਜੀਕਸ, ਕਮਿਸਟਰੀ, ਬਾਇਓ ਅਤੇ ਮੈਥ), ਸਮੂਹ Lecturers (Phy, chem, Bio, Maths) ਅਤੇ SPOC (Single Point of contact) +1 ਅਤੇ +2 ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ SATHEE Project ਰਾਹੀਂ ਚਲ ਰਹੀਆਂ live classes ਦੇ link ਨੂੰ join ਕਰਕੇ class ਦੀ Monitoring ਕਰਨ ਅਤੇ ਫੀਡਬੈਕ ਲੈਣ ਉਪਰੰਤ ਦਫਤਰ ਦੀ e-mail Id (dnoscience@gmail.com) ਤੇ ਭੇਜਣਾ ਯਕੀਨੀ ਬਨਾਉਣ।

8.0 ਉਕਤ Online live classes ਅਟੈਂਡ ਕਰਨ ਲਈ Login ਕਰ ਰਹੇ ਵਿਦਿਆਰਥੀਆਂ ਦੀ PDMs, DNOs, Principals ਅਤੇ SNOs ਵੱਲੋਂ ਰੈਗੂਲਰ ਬੇਸ ਤੇ Monitoring ਕੀਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਰੋਜ਼ਾਨਾ Login ਕਰਕੇ ਲਾਹਾ ਲੈ ਸਕਣ।

**ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ**

ਪਿੱਠ ਅੰਕਣ ਨੰ:- ਉਕਤ ਮਿਤੀ, ਉਕਤ ਐਸ.ਏ.ਐਸ.ਨਗਰ: 9/5/24

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਪੀ.ਏ.ਟੂ ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਪੀ.ਏ.ਟੂ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।
4. ਪੀ.ਏ.ਟੂ ਮਾਨਯੋਗ ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਪੰਜਾਬ।
5. ਸਹਾਇਕ ਡਾਇਰੈਕਟਰ (ਟ੍ਰੇਨਿੰਗ) ।
6. ਸਹਾਇਕ ਡਾਇਰੈਕਟਰ (SOE) |
7. ਸਹਾਇਕ ਸਟੇਟ ਪ੍ਰੋਜੈਕਟ ਡਾਇਰੈਕਟਰ-ਮੈਰੀਟੋਰੀਅਸ ਸੁਸਾਇਟੀ।
8. ਸਟੇਟ (ਸੀ. ਸੈ. ਅਤੇ ਸੈਕੰਡਰੀ) ਕੋਆਰਡੀਨੇਟਰ (ਮੈਥ) / ਸਟੇਟ ਰਿਸੋਰਸ ਪਰਸਨ - (ਮੈਥ) |
9. ਸਕੱਤਰ, ਭਾਰਤ ਸਰਕਾਰ ਸਿੱਖਿਆ ਮੰਤਰਾਲੇ, ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ |
10. ਸ਼੍ਰੀ ਰਾਹੁਲ ਗਰਗ ਅਤੇ ਮਿਸ ਪ੍ਰਾਚੀ ਗਰਗ , ਪ੍ਰੋਜੈਕਟ ਡਾਇਰੈਕਟਰ (SATHEE)

9/5/24

**ਸਹਾਇਕ ਡਾਇਰੈਕਟਰ**